# ਕਾਰਜਕਾਰੀ ਸਾਰਾਂਸ਼

**ਭੂਮਿਕਾ/ਜਾਣ-ਪਛਾਣ**

ਅੰਮ੍ਰਿਤਸਰ ਅਤੇ ਲੁਧਿਆਣੇ ਵਿੱਚ ਸ਼ਹਿਰੀ ਪਾਣੀ ਦੀ ਸਪਲਾਈ ਵਿੱਚ ਡਿਮਾਂਡ ਅਤੇ ਸਪਲਾਈ ਦਾ ਵੱਡਾ ਫ਼ਰਕ ਹੈ। ਦੋਵੇਂ ਸ਼ਹਿਰਾਂ ਵਿੱਚ ਪੀਣ ਵਾਲੇ ਪਾਣੀ ਦਾ ਸਪਲਾਈ ਸਿਸਟਮ ਸਿਰਫ਼ ਧਰਤੀ ਹੇਠਲੇ ਪਾਣੀ 'ਤੇ ਆਧਾਰਿਤ ਹੈ ਜਿਸ ਕਰਕੇ ਸਪਲਾਈ ਖ਼ਤਮ ਹੋ ਰਹੀ ਹੈ। ਇਸ ਤੋਂ ਇਲਾਵਾ, ਇੱਕ ਵੱਡੀ ਗਿਣਤੀ ਵਿੱਚ ਕੀਤੇ ਸੈਂਪਲ, ਜ਼ਹਿਰੀਲੀਆਂ ਭਾਰੀ ਧਾਤਾਂ ਨਾਲ ਦੂਸ਼ਿਤ ਪਾਏ ਗਏ ਹਨ। ਪੰਜਾਬ ਸਰਕਾਰ ਇਨ੍ਹਾਂ ਦੋਵੇਂ ਸ਼ਹਿਰਾਂ ਵਿੱਚ ਪਾਣੀ ਦੀ ਸਪਲਾਈ ਨੂੰ ਸੁਧਾਰਨ ਦਾ ਪ੍ਰੋਜੈਕਟ ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ ਅਤੇ ਇਸ ਲਈ ਸਰਕਾਰ ਨੇ ਇੰਟਰਨੈਸ਼ਨਲ ਬੈਂਕ ਫ਼ਾਰ ਰੀਕੰਸਟ੍ਰਕਸ਼ਨ ਐਂਡ ਡਿਵੈਲਪਮੈਂਟ (ਆਈ.ਬੀ.ਆਈ.ਡੀ., ਜਿਸਨੂੰ ਆਮ ਤੌਰ 'ਤੇ ਵਿਸ਼ਵ ਬੈਂਕ ਦੇ ਨਾਮ ਨਾਲ ਜਾਣਿਆ ਜਾਂਦਾ ਹੈ) ਤੋਂ ਸਹਾਇਤਾ ਦੀ ਮੰਗੀ ਕੀਤੀ ਹੈ।

ਇਸ ਇਨਵਾਇਅਰਮੈਂਟਲ ਐਂਡ ਸੋਸ਼ਲ ਮੈਨੇਜਮੈਂਟ ਫ੍ਰੇਮਵਰਕ (ਈ.ਐੱਸ.ਐੱਮ.ਐੱਫ਼) ਨੂੰ ਪ੍ਰੋਜੈਕਟ ਨੂੰ ਲਾਗੂ ਕਰਨ ਵਾਲੇ ਅਤੇ ਹੋਰ ਮੁੱਖ ਹਿੱਸੇਦਾਰਾਂ ਨੂੰ ਪ੍ਰੋਜੈਕਟ ਤੋਂ ਪੈਦਾ ਹੋਣ ਵਾਲੇ ਵਾਤਾਵਰਣ ਸੰਬੰਧੀ ਅਤੇ ਸਮਾਜਿਕ (ਈ ਅਤੇ ਐੱਸ) ਜੋਖਮਾਂ ਦਾ ਮੁਲਾਂਕਣ ਕਰਨ ਅਤੇ ਉਪਾਅ ਕਰਨ ਵਾਲੇ ਗਾਈਡ ਦੇ ਰੂਪ ਵਿੱਚ ਵਿਕਸਿਤ ਕੀਤਾ ਗਿਆ ਹੈ। ਈ.ਐੱਸ.ਐੱਮ.ਐੱਫ਼ ਦੇ ਗਾਈਡ ਸਿਧਾਂਤਾਂ ਦੇ ਅਨੁਸਾਰ, ਵਿਸ਼ਵ ਬੈਂਕ ਦੁਆਰਾ ਫ਼ੰਡ ਕੀਤੇ ਸਾਰੇ ਪ੍ਰੋਜੈਕਟਾਂ ਲਈ ਕਰਜ਼ਾ ਲੈਣ ਵਾਲਿਆਂ ਲਈ ਜ਼ਰੂਰੀ ਹੁੰਦਾ ਹੈ - (a) ਵਾਤਾਵਰਣ ਅਤੇ ਸਮਾਜਿਕ ਮਾਮਲਿਆਂ ਨਾਲ ਸੰਬੰਧਿਤ ਸਾਰੇ ਮੁਨਾਸਿਬ ਫੈਡਰਲ / ਰਾਸ਼ਟਰੀ, ਰਾਜਾਂ ਅਤੇ ਸਥਾਨਕ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨਾ; ਅਤੇ (b) ਵਿਸ਼ਵ ਬੈਂਕ ਦੇ ਵਾਤਾਵਰਣ ਸੰਬੰਧੀ ਅਤੇ ਸਮਾਜਿਕ ਚੌਖਟੇ (ਈ.ਐੱਸ.ਐੱਫ਼) ਵਿੱਚ ਦੱਸੇ ਗਏ ਵਾਤਾਵਰਣ ਅਤੇ ਸਮਾਜਿਕ ਮਿਆਰਾਂ (ਈ.ਐੱਸ.ਐੱਸ.) ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ। ਈ.ਐੱਸ.ਐੱਮ.ਐੱਫ਼. ਵਾਤਾਵਰਣ ਅਤੇ ਸਮਾਜਿਕ ਜੋਖਮ ਪ੍ਰਬੰਧਨ ਦਾ ਇੱਕ ਅਹਿਮ ਹਥਿਆਰ ਹੈ ਜਿਸਨੂੰ ਕਰਜ਼ਾ ਲੈਣ ਵਾਲਿਆਂ ਦੁਆਰਾ ਵਰਤਿਆ ਜਾਂਦਾ ਹੈ| ਇਸਦੀ ਵਰਤੋਂ ਪ੍ਰੋਜੈਕਟ ਦੇ ਵਾਤਾਵਰਣ ਅਤੇ ਸਮਾਜਿਕ ਜੋਖਮਾਂ, ਪ੍ਰਭਾਵਾਂ ਅਤੇ ਘੱਟ ਕਰਨ ਦੇ ਉਪਾਵਾਂ ਦੀ ਪਛਾਣ ਕਰਨ, ਮੁਲਾਂਕਣ ਕਰਨ, ਘੱਟ ਕਰਨ ਅਤੇ ਰਿਪੋਰਟ ਕਰਨ ਲਈ ਕੀਤੀ ਜਾਂਦੀ ਹੈ।

ਇਹ ਦਸਤਾਵੇਜ਼ ਪੰਜਾਬ ਮਿਊਂਸੀਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਕਟ (ਇਸ ਤੋਂ ਬਾਅਦ ਇਹ ਪੀ.ਐੱਮ.ਐੱਸ.ਆਈ.ਪੀ. ਵਜੋਂ ਜਾਣਿਆ ਜਾਵੇਗਾ) ਲਈ ਈ.ਐੱਸ.ਐੱਮ.ਐੱਫ਼. ਦੇ ਤੌਰ ’ਤੇ ਕੰਮ ਆਉਣਾ ਹੈ।

## ਪ੍ਰੋਜੈਕਟ ਦੇ ਵੇਰਵੇ

ਪੀ.ਐੱਮ.ਐੱਸ.ਆਈ.ਪੀ. ਲੁਧਿਆਣਾ ਅਤੇ ਅੰਮ੍ਰਿਤਸਰ ਸ਼ਹਿਰਾਂ ਦੇ ਵਸਨੀਕਾਂ ਨੂੰ ਪਾਈਪਾਂ ਵਾਲੇ ਪਾਣੀ ਦੀ ਸਪਲਾਈ ਦੀ ਪਹੁੰਚ ਅਤੇ ਗੁਣਵਤਾ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰੇਗਾ। ਇਸ ਤੋਂ ਇਲਾਵਾ, ਇਸ ਪ੍ਰੋਜੈਕਟ ਦਾ ਉਦੇਸ਼ ਦੋ ਸ਼ਹਿਰੀ ਸਥਾਨਕ ਸੰਸਥਾਵਾਂ (ਯੂ.ਐੱਲ.ਬੀ.) ਜੋ ਦੋਵੇਂ ਸ਼ਹਿਰਾਂ ਵਿੱਚ ਪਾਣੀ ਸਪਲਾਈ ਸੇਵਾਵਾਂ ਲਈ ਜ਼ਿੰਮੇਵਾਰ ਹਨ - ਨਗਰ ਨਿਗਮ ਲੁਧਿਆਣਾ (ਐੱਮ.ਸੀ.ਐੱਲ.) ਅਤੇ ਨਗਰ ਨਿਗਮ ਅੰਮ੍ਰਿਤਸਰ (ਐੱਮ.ਸੀ.ਏ.) - ਦੀ ਸਮਰੱਥਾ ਨੂੰ ਮਜ਼ਬੂਤ ਕਰਨਾ ਅਤੇ ਇਹਨਾਂ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣਾ ਹੈ। ਪ੍ਰੋਜੈਕਟ ਡਿਵੈਲਪਮੈਂਟ ਓਬਜੈਕਟਿਵ (ਪੀ.ਡੀ.ਓ.) ਹੈ, “ਚੁਣੇ ਹੋਏ ਸ਼ਹਿਰਾਂ, ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਮੰਗ ਅਤੇ ਸਪਲਾਈ ਦੇ ਫ਼ਰਕ ਨੂੰ ਮਿਟਾਉਣ ਲਈ ਸ਼ਹਿਰੀ ਪਾਣੀ ਸਪਲਾਈ ਦੇ ਢਾਂਚੇ ਨੂੰ ਮਜ਼ਬੂਤ ਕਰਨਾ।”

ਪੀ.ਐੱਮ.ਐੱਸ.ਆਈ.ਪੀ. ਦੇ ਤਿੰਨ ਭਾਗ ਹਨ:

1. ਭਾਗ 1: ਅਰਬਨ ਸਰਵਿਸ ਡਿਲਿਵਰੀ ਸਿਸਟਮ ਨੂੰ ਮਜ਼ਬੂਤ ਕਰਨਾ

1. ਉਪ-ਭਾਗ 1a: ਪਾਣੀ ਸੇਵਾ ਪ੍ਰਬੰਧਨ ਨੂੰ ਮਜ਼ਬੂਤ ਕਰਨਾ

2. ਉਪ-ਭਾਗ 1b: ਅਰਬਨ ਗਵਰਨੈਂਸ ਐਂਡ ਫਾਇਨਾਂਸ ਸਿਸਟਮ ਨੂੰ ਮਜ਼ਬੂਤ ਕਰਨਾ

2. ਭਾਗ 2: ਪਾਣੀ ਦੀ ਸਪਲਾਈ ਦੇ ਆਧਾਰਭੂਤ ਢਾਂਚੇ ਨੂੰ ਸੁਧਾਰਨਾ

3. ਭਾਗ 3: ਪ੍ਰੋਜੈਕਟ ਮੈਨੇਜਮੈਂਟ

ਭਾਗ 2 ਦੇ ਤਹਿਤ, ਪ੍ਰੋਜੈਕਟ ਦੋਵੇਂ ਜਗ੍ਹਾ ਅੰਮ੍ਰਿਤਸਰ ਅਤੇ ਲੁਧਿਆਣੇ ਵਿੱਚ ਇੱਕ ਵਾਟਰ ਟ੍ਰੀਟਮੈਂਟ ਪਲਾਂਟ ਅਤੇ ਕੋਰ ਇੰਫ੍ਰਾਸਟ੍ਰਕਚਰ (ਮੁੱਖ ਪਾਣੀ ਦੇ ਟੈਂਕਾਂ ਦੀ ਸਫਾਈ, ਟ੍ਰਾਂਸਮਿਸ਼ਨ ਲਾਈਨਾਂ ਅਤੇ ਓਵਰਹੈੱਡ ਸਟੋਰੇਜ ਰਿਜ਼ਰਵਰਾਂ (ਓ.ਐੱਚ.ਐੱਸ.ਆਰ)) ਵਿੱਚ ਨਿਵੇਸ਼ ਕਰੇਗਾ।[1]

ਪੰਜਾਬ ਮਿਉਂਸੀਪਲ ਇੰਫ੍ਰਾਸਟ੍ਰਕਚਰ ਡਿਵੈਲਪਮੈਂਟ ਕਾਰਪੋਰੇਸ਼ਨ (ਪੀ.ਐੱਮ.ਆਈ.ਡੀ.ਸੀ.) ਪ੍ਰੋਜੈਕਟ ਦੇ ਸਮੁੱਚੇ ਪ੍ਰਬੰਧਨ ਲਈ ਜ਼ਿੰਮੇਵਾਰ ਨੋਡਲ ਏਜੰਸੀ ਹੈ। ਦੋਵੇਂ ਸ਼ਹਿਰੀ ਸਥਾਨਕ ਸੰਸਥਾਵਾਂ, ਐੱਮ.ਸੀ.ਐੱਲ. ਅਤੇ ਐੱਮ.ਸੀ.ਏ. ਇਸ ਪ੍ਰੋਜੈਕਟ ਨੂੰ ਆਪਣੇ-ਆਪਣੇ ਸ਼ਹਿਰਾਂ ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਲਾਗੂ ਕਰਨਗੀਆਂ ਅਤੇ ਇਹ ਪ੍ਰੋਜੈਕਟ ਲਾਗੂ ਕਰਨ ਵਾਲੀਆਂ ਇਕਾਈਆਂ (ਪੀ.ਆਈ.ਯੂ.) ਹਨ।

**ਪੀ.ਐੱਮ.ਐੱਸ.ਆਈ.ਪੀ. ਦਾ ਵਾਤਾਵਰਣ ਅਤੇ ਸਮਾਜਿਕ (ਈ ਅਤੇ ਐੱਸ) ਜੋਖਮ ਵਰਗੀਕਰਨ**

ਜਦੋਂ ਕਿ ਪ੍ਰੋਜੈਕਟ ਦੇ ਪਹਿਲੇ ਅਤੇ ਤੀਜੇ ਭਾਗ ਵਿੱਚ ਵਾਤਾਵਰਣ ਅਤੇ ਸਮਾਜਿਕ ਜੋਖਮ ਬਹੁਤ ਹੀ ਸੀਮਤ ਹੈ ਜਾਂ ਨਹੀਂ ਹੈ , ਪ੍ਰੋਜੈਕਟ ਦੇ ਦੂਜੇ ਭਾਗ ਵਿੱਚ ਵੱਡੇ ਸਿਵਲ ਕੰਮ ਸ਼ਾਮਲ ਹਨ ਜਿਵੇਂ ਕਿ ਇੰਟੇਕ ਵਾਟਰ ਪੁਆਇੰਟ ਡਿਵੈਲਪਮੈਂਟ ਵਰਕਸ , ਵਾਟਰ ਟ੍ਰੀਟਮੈਂਟ ਪਲਾਂਟ (ਜਿਸ ਵਿੱਚ ਪੰਪ ਸਟੇਸ਼ਨ ਸ਼ਾਮਲ ਹਨ) ਦਾ ਨਿਰਮਾਣ, ਸਾਫ਼ ਪਾਣੀ ਦੀਆਂ ਪਾਇਪਾਂ ਦਾ ਵਿਛਾਉਣਾ ਅਤੇ ਨਵੇਂ ਓਵਰਹੈੱਡ ਸਟੋਰੇਜ ਰਿਜ਼ਰਵਰਾਂ (ਓ.ਐੱਚ.ਐੱਸ.ਆਰ.) ਦਾ ਨਿਰਮਾਣ ਅਤੇ ਦੋਵਾਂ ਸ਼ਹਿਰਾਂ ਵਿੱਚ ਮੌਜੂਦਾ ਓ.ਐੱਚ.ਐੱਸ.ਆਰ. ਦੀ ਮੁਰੰਮਤ ਕਰਨਾ। ਭਾਗ 2 ਵਿਚਲੀਆਂ ਗਤੀਵਿਧੀਆਂ ਦੀ ਕਿਸਮ ਅਤੇ ਉਨ੍ਹਾਂ ਨਾਲ ਜੁੜੇ ਵਾਤਾਵਰਣ ਅਤੇ ਸਮਾਜਿਕ ਪ੍ਰਭਾਵਾਂ ਦੇ ਮੱਦੇਨਜ਼ਰ, ਵਾਤਾਵਰਣ ਪ੍ਰਭਾਵਾਂ ਅਤੇ ਜੋਖਮਾਂ ਲਈ ਪੀ.ਐੱਮ.ਐੱਸ.ਆਈ.ਪੀ. ਨੂੰ “ਅਹਿਮ” ਅਤੇ ਸਮਾਜਿਕ ਪ੍ਰਭਾਵਾਂ ਅਤੇ ਜੋਖਮਾਂ ਲਈ “ਹਾਈ” ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ।

ਭਾਗ 2 ਵਿਚਲੀਆਂ ਗਤੀਵਿਧੀਆਂ ਨਾਲ ਸੰਬੰਧਤ ਵਾਤਾਵਰਣ ਦੇ ਮਾੜੇ ਪ੍ਰਭਾਵਾਂ ਵਿੱਚ ਹੇਠਾਂ ਲਿਖਿਆ ਸ਼ਾਮਲ ਹੈ: (i) ਓਪਰੇਸ਼ਨ ਦੇ ਪੜਾਅ ਦੌਰਾਨ ਡਬਲਯੂ.ਟੀ.ਪੀ. ਤੋਂ ਚਿੱਕੜ; (ii) ਨਿਰਮਾਣ ਦੌਰਾਨ ਧੂੜ, ਰੌਲਾ, ਮਲਬਾ, ਰਹਿੰਦ-ਖੂੰਹਦ; ਅਤੇ (iii) ਮਜ਼ਦੂਰਾਂ ਦੀ ਸਿਹਤ ਅਤੇ ਸੁਰੱਖਿਆ ਅਤੇ ਡਬਲਯੂ.ਟੀ.ਪੀ. ਅਤੇ ਓ.ਐੱਚ.ਐੱਸ.ਆਰ. ਦੇ ਨਿਰਮਾਣ ਦੌਰਾਨ ਟ੍ਰੈਫਿਕ ਵਿੱਚ ਵਿਘਨ। ਇੱਕ ਚੰਗੇ

---

[1] ਇਸ ਪ੍ਰੋਜੈਕਟ ਦੇ ਦਾਇਰੇ ਵਿੱਚ ਓ.ਐੱਚ.ਐੱਸ.ਆਰ. ਤੋਂ ਨੂੰ ਡਿਸਟ੍ਰੀਬਿਊਸ਼ਨ ਲਾਈਨਾਂ ਅਤੇ ਘਰੇਲੂ ਕੁਨੈਕਸ਼ਨ ਦੇਣਾ ਸ਼ਾਮਲ ਨਹੀਂ ਹੈ। ਇਨ੍ਹਾਂ ਨੂੰ ਫਾਲੋ-ਓਨ ਓਪਰੇਸ਼ਨ ਦੇ ਤਹਿਤ ਵਿਚਾਰਿਆ ਜਾ ਸਕਦਾ ਹੈ।

ਇੰਜੀਨੀਅਰਿੰਗ ਡਿਜ਼ਾਈਨ ਦੇ ਜ਼ਰੀਏ ਇਨ੍ਹਾਂ ਸਾਰੇ ਸੰਭਾਵੀ ਮਾੜੇ ਜੋਖਮਾਂ ਨੂੰ ਪ੍ਰਭਾਵੀ ਢੰਗ ਨਾਲ ਰੋਕਿਆ, ਮੱਠਾ ਜਾਂ ਘੱਟੋ-ਘੱਟ ਕੀਤਾ ਜਾ ਸਕਦਾ ਹੈ। ਇਹ ਧਿਆਨ ਵਿੱਚ ਰੱਖਦੇ ਹੋਏ ਕਿ ਪ੍ਰਭਾਵ ਪਰਿਵਰਤਨਸ਼ੀਲ, ਸਥਾਨਕ ਅਤੇ ਅਸਥਾਈ ਹਨ, ਪ੍ਰੋਜੈਕਟ ਦੇ ਵਾਤਾਵਰਣ ਨੂੰ ਹੋਣ ਵਾਲੇ ਜੋਖਮ ਨੂੰ "ਅਹਿਮ" ਮੰਨਿਆ ਗਿਆ ਹੈ।

ਸਮਾਜਿਕ ਜੋਖਮਾਂ ਅਤੇ ਪ੍ਰਭਾਵਾਂ ਦੇ ਸੰਬੰਧ ਵਿੱਚ, ਜਦੋਂ ਦੋਵੇਂ ਸ਼ਹਿਰਾਂ ਲਈ ਵਾਟਰ ਟ੍ਰੀਟਮੈਂਟ ਪਲਾਂਟ ਉਸਾਰਨ ਲਈ ਨਿੱਜੀ ਜ਼ਮੀਨ ਦਾ ਵੱਡਾ ਹਿੱਸਾ (ਅੰਮ੍ਰਿਤਸਰ ਅਤੇ ਲੁਧਿਆਣਾ ਸ਼ਹਿਰਾਂ ਵਿੱਚ ਕ੍ਰਮਵਾਰ 40 ਅਤੇ 50 ਏਕੜ ਜ਼ਮੀਨ ਦੀ ਲੋੜ ਹੈ) ਲੈਣ ਦੀ ਸੰਭਾਵਤ ਲੋੜ ਹੈ, ਤਾਂ ਉਸ ਸੰਭਾਵੀ ਜ਼ਮੀਨ ਅਤੇ ਉਸ ਨਾਲ ਜੁੜੇ ਰੁਜ਼ਗਾਰ ਨਾਲ ਸੰਬੰਧਤ ਪ੍ਰਭਾਵ ਵੀ ਇਸ ਵਿੱਚ ਸ਼ਾਮਲ ਹਨ। ਇਸ ਤੋਂ ਇਲਾਵਾ, ਸਿਵਲ ਕੰਮ ਵਿੱਚ ਸੰਘਣੀ ਭੀੜ ਵਾਲੇ ਸ਼ਹਿਰੀ ਇਲਾਕਿਆਂ ਵਿੱਚ ਪਾਣੀ ਦੀਆਂ ਪਾਇਪਾਂ ਵਿਛਾਉਣ ਲਈ ਸੜਕ ਦੀ ਕਟਾਈ/ਰਾਈਟ ਆਫ਼ ਵੇਅ (ਆਰ.ਓ.ਡਬਲਿਊ.) ਕਰਨਾ ਸ਼ਾਮਲ ਹੈ। ਸੰਭਾਵਤ ਤੌਰ 'ਤੇ ਇਸ ਕੰਮ ਵਿੱਚ ਅਸਥਾਈ ਤੌਰ 'ਤੇ ਜਨਤਕ ਜ਼ਮੀਨ/ ਆਰ.ਓ.ਡਬਲਿਊ. ਨੂੰ ਦੱਬ ਕੇ ਬੈਠੇ ਲੋਕਾਂ ਤੋਂ ਇਲਾਵਾ ਸੜਕ ਉੱਤੇ ਰੇਹੜੀ ਫੜੀ ਵਾਲੇ ਵਿਕਰੇਤਾਵਾਂ, ਫੇਰੀ ਵਾਲਿਆਂ, ਸੜਕ ਦੇ ਕਿਨਾਰੇ 'ਤੇ ਖੋਖੇ ਵਾਲਿਆਂ ਦੀ ਆਮਦਨੀ ਦੇ ਨੁਕਸਾਨ ਸਮੇਤ ਉਨ੍ਹਾਂ ਦਾ ਆਰਥਿਕ ਉਜਾੜਾ ਹੋ ਸਕਦਾ ਹੈ। ਹੇਠਾਂ ਵੱਲ ਵਗਦੇ ਪਾਣੀ ਦੇ ਪ੍ਰਭਾਵਾਂ/ ਨਹਿਰਾਂ ਤੋਂ ਪਾਣੀ ਕੱਢਣ ਕਰਕੇ ਝਗੜਿਆਂ, ਕਲਾਇੰਟ ਦੀ ਸਮਰੱਥਾ ਅਤੇ ਲਾਗੂ ਕਰਨ ਦੇ ਘੱਟ ਤਜ਼ਰਬੇ, ਅਤੇ ਪਾਣੀ ਦੀ ਸਪਲਾਈ ਦਾ ਰਸਤਾ ਜਿਹੜਾ ਭੀੜ ਭਰੇ ਅਤੇ ਸੰਘਣੀ ਆਬਾਦੀ ਵਾਲੇ ਇਲਾਕਿਆਂ ਅਤੇ ਵਪਾਰਕ ਖੇਤਰਾਂ ਵਿੱਚੋਂ ਲੰਘਦਾ ਹੈ, ਇਸ ਕਰਕੇ ਮਜ਼ਦੂਰਾਂ ਦੀ ਆਵਾਜਾਈ (ਜੋ ਕਿ ਜੀ.ਬੀ.ਵੀ. ਅਤੇ ਐੱਸ.ਈ.ਏ./ਐੱਸ.ਐੱਚ. ਪੈਦਾ ਕਰਨ ਦੀ ਸੰਭਾਵਨਾ ਰੱਖਦਾ ਹੈ) ਤੋਂ ਵੱਡੇ ਜੋਖਮ ਦੀ ਵੀ ਉਮੀਦ ਕੀਤੀ ਜਾਂਦੀ ਹੈ। ਇੱਥੇ ਬਹੁਤ ਸਾਰੀਆਂ ਝੁੱਗੀਆਂ, ਅਤੇ ਅਸਥਾਈ ਫੇਰੀ ਵਾਲੇ, ਕਬਜੇ ਵਾਲੇ, ਸਕੁਐਟਰਜ਼ ਹਨ ਜਿਨ੍ਹਾਂ ਦੇ ਸਾਧਨ ਅਤੇ ਰੋਜ਼ੀ-ਰੋਟੀ ਪ੍ਰਭਾਵਤ ਹੋਵੇਗੀ। ਮਜ਼ਦੂਰਾਂ ਦੀ ਆਵਾਜਾਈ ਭਾਈਚਾਰਿਆਂ ਦੀ ਸੁਰੱਖਿਆ ਨੂੰ ਪ੍ਰਭਾਵਤ ਕਰੇਗੀ ਅਤੇ ਜੀ.ਬੀ.ਵੀ. ਲਈ ਸੰਭਾਵਨਾਵਾਂ ਵਧਾਵੇਗੀ। ਇਨ੍ਹਾਂ ਤੱਥਾਂ ਨੂੰ ਧਿਆਨ ਵਿੱਚ ਰਖਦਿਆਂ ਸਮਾਜਿਕ ਜੋਖਮਾਂ ਨੂੰ "ਉੱਚ" ਦਰਜਾ ਦਿੱਤਾ ਜਾਂਦਾ ਹੈ।

**ਵਾਤਾਵਰਣ ਸੰਬੰਧੀ ਅਤੇ ਸਮਾਜਿਕ ਬੁਨਿਆਦ/ ਬੇਸਲਾਈਨ**

ਇਸ ਭਾਗ ਤਹਿਤ ਪੀ.ਐੱਮ.ਆਈ.ਡੀ.ਸੀ. ਦੁਆਰਾ ਲਾਗੂ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਨੂੰ ਲੁਧਿਆਣਾ ਅਤੇ ਅੰਮ੍ਰਿਤਸਰ ਦੇ ਸ਼ਹਿਰੀ ਖੇਤਰ ਵਿੱਚ ਹੀ ਸੀਮਤ ਕੀਤਾ ਜਾਵੇਗਾ। ਇਨ੍ਹਾਂ ਗਤੀਵਿਧੀਆਂ ਵਿੱਚ ਵੱਡੇ ਸਿਵਲ ਕੰਮ ਸ਼ਾਮਲ ਹੋਣਗੇ। ਅੰਮ੍ਰਿਤਸਰ ਅਤੇ ਲੁਧਿਆਣਾ ਦੋਵੇਂ ਸਮਤਲ ਜ਼ਮੀਨ ਉੱਤੇ ਸਥਿੱਤ ਸ਼ਹਿਰ ਹਨ ਅਤੇ ਜਿੱਥੇ ਜ਼ਮੀਨ ਦੀ ਵਰਤੋਂ ਫ਼ਸਲਾਂ ਦੇ ਉਤਪਾਦਨ ਅਤੇ

ਸ਼ਹਿਰੀਕਰਨ ਲਈ ਕੀਤੀ ਜਾਂਦੀ ਹੈ। ਜਿਵੇਂ ਕਿ, ਪ੍ਰੋਜੈਕਟ ਵਾਲੇ ਜਿਲ੍ਹਿਆਂ ਵਿੱਚ ਪੈਂਦੀਆਂ ਜਗ੍ਹਾਵਾਂ ਵਿੱਚ ਕੋਈ ਬਾਇਓਡਾਈਵਰਸਿਟੀ ਕੰਜ਼ਰਵੇਸ਼ਨ ਕਲਚਰਲ ਹੈਰੀਟੇਜ ਵਾਲੀਆਂ ਕੋਈ ਮਹੱਤਵਪੂਰਣ ਜਗ੍ਹਾਵਾਂ ਸ਼ਾਮਲ ਨਹੀਂ ਹਨ। ਦੋਵੇਂ ਸ਼ਹਿਰ ਸੰਘਣੀ ਆਬਾਦੀ ਵਾਲੇ ਸ਼ਹਿਰ ਹਨ ਅਤੇ ਜਿੱਥੇ ਵੱਡੀ ਗਿਣਤੀ ਵਿੱਚ ਪ੍ਰਵਾਸੀ ਗ਼ਰੀਬ ਲੋਕ ਰਹਿੰਦੇ ਹਨ| ਜ਼ਿਆਦਾਤਰ ਅਨੁਸੂਚਿਤ ਜਾਤੀ ਨਾਲ ਸੰਬੰਧਤ ਲੋਕ ਹਨ, ਜਿਨ੍ਹਾਂ ਦਾ ਨੁਕਸਾਨ ਹੋਵੇਗਾ। ਹਾਲਾਂਕਿ, ਪ੍ਰੋਜੈਕਟ ਦੇ ਖੇਤਰਾਂ ਵਿੱਚ ਰਹਿੰਦੇ ਸੰਭਾਵਿਤ ਪ੍ਰਭਾਵਿਤ ਲੋਕ ਉਸ ਖੇਤਰ ਦੇ ਮੂਲਵਾਸੀ ਲੋਕ ਜਾਂ ਨਸਲੀ ਘੱਟ-ਗਿਣਤੀ ਦੀ ਪਰਿਭਾਸ਼ਾ ਵਿੱਚ ਨਹੀਂ ਆਉਂਦੇ। ਪ੍ਰੋਜੈਕਟ ਖੇਤਰ ਦੇ ਬੁਨਿਆਦੀ ਵਾਤਾਵਰਣ (ਬਾਇਓਫਿਜਿਕਲ ਅਤੇ ਸਮਾਜਿਕ-ਆਰਥਿਕ ਵਾਤਾਵਰਣ ਸਮੇਤ) ਦੇ ਵੇਰਵੇ ਨੂੰ ਇਕੱਠਾ ਕੀਤਾ ਜਾਵੇਗਾ ਅਤੇ ਉੱਪ-ਪ੍ਰੋਜੈਕਟ ਈ.ਐੱਸ.ਆਈ.ਏ. ਵਿੱਚ ਪੇਸ਼ ਕੀਤਾ ਜਾਵੇਗਾ।

**ਸੰਭਾਵਿਤ ਵਾਤਾਵਰਣ ਸੰਬੰਧੀ ਜੋਖਮ ਅਤੇ ਪ੍ਰਭਾਵ**

ਪ੍ਰਭਾਵਾਂ ਅਤੇ ਜੋਖਮਾਂ ਦਾ ਸਾਰਾਂਸ਼ ਹੇਠਾਂ ਦਿੱਤਾ ਗਿਆ ਹੈ:

1. ਨਿਰਮਾਣ, ਬੁਰੋਇੰਗ/ਪੁੱਟਣ, ਖਾਈ ਪੁੱਟਣ, ਖ਼ਤਰਨਾਕ ਕਿਸਮਾਂ ਸਮੇਤ ਕੱਚੇ ਮਾਲ ਅਤੇ ਰਹਿੰਦ-ਖੂਹੰਦ ਦਾ ਭੰਡਾਰ ਅਤੇ ਢੇਰ ਲਾਉਂਦੇ ਸਮੇਂ ਹਵਾ ਪ੍ਰਦੂਸ਼ਣ ਅਤੇ ਰੌਲੇ-ਰੱਪੇ ਦਾ ਪ੍ਰਭਾਵ।

2. ਨਿਰਮਾਣ ਅਤੇ ਹੋਰ ਸਮੱਗਰੀ ਦੀ ਢੋਆ-ਢੁਆਈ ਕਰਕੇ ਆਵਾਜਾਈ ਅਤੇ ਭੀੜ|

3. ਖੇਤੀਬਾੜੀ ਲਈ ਕੀੜੇਮਾਰ ਦਵਾਈਆਂ ਦੀ ਉੱਪਰੀ ਵਰਤੋਂ ਪਾਣੀ ਦੀ ਸਪਲਾਈ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ|

4. ਸੜਕ ਸੁਰੱਖਿਆ ਅਤੇ ਟ੍ਰੈਫ਼ਿਕ, ਓ.ਐੱਚ.ਐੱਸ.ਆਰ. ਰਿਹਾਇਸ਼ੀ ਖੇਤਰਾਂ ਦੇ ਨੇੜੇ ਆਵਾਜਾਈ ਵਿੱਚ ਵਾਧਾ|

5. ਭੁਚਾਲ ਅਤੇ ਹੜ ਵਰਗੀਆਂ ਕੁਦਰਤੀ ਆਫ਼ਤਾਂ ਕਰਕੇ ਜੋਖਮ|

6. ਮਜ਼ਦੂਰ ਕੈਂਪਾਂ ਤੋਂ ਕੂੜਾ-ਕਰਕਟ|

7. ਓਪਰੇਸ਼ਨ ਪੜਾਅ ਦੌਰਾਨ ਡਬਲਯੂ.ਟੀ.ਪੀ. ਚਿੱਕੜ ਦੀ ਪੈਦਾਵਾਰ,

**ਸੰਭਾਵਿਤ ਸਮਾਜਿਕ ਜੋਖਮ ਅਤੇ ਪ੍ਰਭਾਵ**

ਜਿਸ ਕਿਸਮ ਦਾ ਪ੍ਰੋਜੈਕਟ ਹੈ ਉਹ ਇਹ ਸੁਝਾਅ ਦਿੰਦਾ ਹੈ ਕਿ ਹੇਠਾਂ ਦਿੱਤੇ ਜੋਖਮਾਂ ਅਤੇ ਪ੍ਰਭਾਵਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ:

8. ਇਨਟੇਕ ਸਰੋਤ – ਹੇਠਲੇ ਪਾਣੀ ਦੀ ਅਲੋਕੇਸ਼ਨ ਦਾ ਪ੍ਰਭਾਵ; ਮੱਛੀ ਪਾਲਣ, ਸਿੰਜਾਈ।

9. ਮਜ਼ਦੂਰਾਂ ਦੀ ਆਵਾਜਾਈ, ਸਥਾਨਕ ਭਾਈਚਾਰੇ ਉੱਤੇ ਪ੍ਰਭਾਵ, ਲਿੰਗ-ਅਧਾਰਤ ਹਿੰਸਾ, ਸ਼ਿਕਾਇਤਾਂ, ਓ.ਐੱਚ.ਐੱਸ.ਆਰ.

10. ਵਾਤਾਵਰਣ ਦੀ ਸਿਹਤ ਅਤੇ ਸੁਰੱਖਿਆ ਦੇ ਮੁੱਦੇ।

11. ਡਬਲਯੂ.ਟੀ.ਪੀ. ਲਈ ਜ਼ਮੀਨ ਦਾ ਅਧਿਗ੍ਰਹਿਣ

12. ਸਾਫ਼ ਪਾਣੀ ਦੀ ਮੁੱਖ ਸਪਲਾਈ ਲਾਈਨ ਜੋ ਸ਼ਹਿਰ ਦੇ ਇਲਾਕਿਆਂ ਅਤੇ ਵੱਖ-ਵੱਖ ਜ਼ਮੀਨੀ ਵਰਤੋਂ ਅਤੇ ਬਸਤੀਆਂ ਵਿੱਚੋਂ ਦੀ ਲੰਘਦੀ ਹੈ।

13. ਹਲਚਲ, ਰੁਜ਼ਗਾਰ ਉੱਪਰ ਪਾਬੰਦੀ, ਅਤੇ ਸਕੁਐਟਰਾਂ, ਫੇਰੀ ਵਾਲਿਆਂ ਆਦਿ ਦਾ ਉਜਾੜਾ, ਜੀਵਨ ਨਿਰਬਾਹ ’ਤੇ ਪ੍ਰਭਾਵ, ਸੰਭਵ ਜ਼ਬਰਦਸਤੀ ਬੇਦਖਲੀ; ਬਜ਼ੁਰਗਾਂ, ਔਰਤਾਂ, ਬੀ.ਪੀ.ਐੱਲ. ਪਰਿਵਾਰਾਂ ਅਤੇ ਅਪਾਹਜਾਂ ਸਮੇਤ ਕਮਜ਼ੋਰ ਸਮੂਹਾਂ ਉੱਤੇ ਪ੍ਰਭਾਵ

14. ਓ.ਐੱਚ.ਐੱਸ.ਆਰ. ਵਿਕਾਸ, ਸਥਾਨਕ ਭਾਈਚਾਰੇ ਦਾ ਵਿਰੋਧ

15. ਓ.ਐੱਚ.ਐੱਸ.ਆਰ. ਦੀ ਨਿਰਮਾਣ ਦੇ ਕਾਰਨ ਜਾਇਦਾਦ ਦੀਆਂ ਕੀਮਤਾਂ ਵਿੱਚ ਬਦਲਾਵ

16. ਪਾਰਕਾਂ ਅਤੇ ਹੋਰ ਸਾਂਝੀ ਵਰਤੋਂ ਦੀ ਪ੍ਰਾਪਰਟੀ ਅਤੇ ਸਰੋਤਾਂ ਦੀ ਵਰਤੋਂ ’ਤੇ ਸੰਭਾਵਤ ਪਾਬੰਦੀਆਂ

17. ਧਰਤੀ ਦੇ ਕੰਮ ਕਾਰਨ ਸੱਭਿਆਚਾਰਕ ਸੰਪੱਤੀ ’ਤੇ ਸੰਭਾਵਤ ਪ੍ਰਭਾਵ

ਇਸ ਈ.ਐੱਸ.ਐੱਮ.ਐੱਫ਼. ਵਿੱਚ ਵਾਤਾਵਰਣ ਸੰਬੰਧੀ ਅਤੇ ਸਮਾਜਿਕ ਪ੍ਰਭਾਵਾਂ ਨੂੰ ਸੰਭਾਵਿਤ ਤੌਰ ’ਤੇ ਘਟਾਉਣ ਲਈ ਉਪਾਅ ਦਿੱਤੇ ਗਏ ਹਨ।

**ਕਾਨੂੰਨੀ ਅਤੇ ਸੰਸਥਾਗਤ ਚੌਖਟਾ**

ਭਾਰਤ ਵਿੱਚ, ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ (ਐੱਮ.ਓ.ਈ.ਐੱਫ਼.ਸੀ.ਸੀ.) ਹੇਠਾਂ ਲਿਖਿਆਂ ਲਈ ਸਰਵਉੱਚ ਪ੍ਰਸ਼ਾਸਕੀ ਅਤੇ ਨਿਯੰਤ੍ਰਿਕ ਬਾਡੀ ਹੈ; (i) ਵਾਤਾਵਰਣ ਦੀ ਸੁਰੱਖਿਆ ਨੂੰ ਨਿਯਮਤ ਕਰਨ ਅਤੇ ਯਕੀਨੀ ਬਣਾਉਣ ਲਈ; (ii) ਦੇਸ਼ ਵਿੱਚ ਵਾਤਾਵਰਣ ਨੀਤੀ ਦੇ ਚੌਖਟੇ ਦਾ ਗਠਨ ਕਰਨ ਲਈ; (iii) ਜੀਵ ਵਿਭਿੰਨਤਾ ਦੀ ਦੇਖ-ਭਾਲ ਕਰਨ ਲਈ ਅਤੇ (iv) ਵਾਤਾਵਰਣ ਅਤੇ ਜੰਗਲਾਤ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਯੋਜਨਾਬੰਦੀ, ਉੱਨਤੀ/ਪ੍ਰਮੋਸ਼ਨ, ਤਾਲਮੇਲ ਅਤੇ ਨਿਗਰਾਨੀ ਕਰਨ ਲਈ। ਕੇਂਦਰ ਸਰਕਾਰ ਦੁਆਰਾ ਵਾਤਾਵਰਣ ਦੀ ਰੱਖਿਆ ਅਤੇ ਕਿੱਤਾਮੁਖੀ ਸਿਹਤ ਅਤੇ ਸੁਰੱਖਿਆ ਲਈ ਕਈ ਕਾਨੂੰਨ ਬਣਾਏ ਗਏ ਹਨ। ਵਿਸ਼ਵ ਬੈਂਕ ਦੇ ਈ.ਐੱਸ.ਐੱਫ਼. ਅਤੇ ਈ.ਐੱਸ.ਐੱਸ. ਦੀ ਵਰਤੋਂ ਬੈਂਕ ਦੁਆਰਾ ਫ਼ੰਡ ਕੀਤੇ ਗਏ ਪ੍ਰੋਜੈਕਟਾਂ ਨਾਲ ਜੁੜੇ ਸੰਭਾਵਿਤ ਨਕਾਰਾਤਮਕ ਵਾਤਾਵਰਣ ਜੋਖਮਾਂ ਅਤੇ ਪ੍ਰਭਾਵਾਂ ਨੂੰ ਪਛਾਨਣ, ਕਿਨਾਰਾ ਕਰਨ ਅਤੇ ਘਟਾਉਣ ਲਈ ਅਤੇ ਸਕਾਰਾਤਮਕ ਪ੍ਰਭਾਵਾਂ ਦੀ ਪ੍ਰਭਾਵਸ਼ੀਲਤਾ ਵਧਾਉਣ ਲਈ ਕੀਤੀ ਜਾਂਦੀ ਹੈ।

**ਵਾਤਾਵਰਣ ਅਤੇ ਸਮਾਜਿਕ ਪ੍ਰਬੰਧਨ ਯੋਜਨਾ ਲਈ ਕਾਰਜ ਪ੍ਰਣਾਲੀ (ਈ.ਐੱਸ.ਐੱਮ.ਆਪੀ. ਚੌਖਟਾ)**

ਪ੍ਰੋਜੈਕਟ ਦੇ ਅਧੀਨ ਹਰੇਕ ਉੱਪ-ਪ੍ਰੋਜੈਕਟ ਨੂੰ, ਜਿਸਦੀ ਲੋੜ ਹੋਵੇਗੀ ਉਸ ਅਨੁਸਾਰ ਵਾਤਾਵਰਣ ਅਤੇ ਸਮਾਜਿਕ ਪ੍ਰਭਾਵਾਂ ਦੇ ਮੁਲਾਂਕਣ ਅਤੇ ਪ੍ਰਬੰਧਨ ਦੇ ਉਚਿਤ ਪੱਧਰ ਨੂੰ ਨਿਰਧਾਰਤ ਕਰਨ ਲਈ ਜਾਂਚ ਕੀਤੀ ਜਾਵੇਗੀ। ਜੋਖਮ ਦੇ ਪੱਧਰ ਦਾ ਪਤਾ ਲਗਾਉਣ ਲਈ ਇਹ ਕੀਤਾ ਜਾਵੇਗਾ ਕਿ ਕਿਹੜੇ ਉੱਪ-ਪ੍ਰੋਜੈਕਟ ਦੇ ਵਾਤਾਵਰਣ ਉੱਤੇ ਅਤੇ/ ਜਾਂ ਸਮਾਜਿਕ ਪ੍ਰਭਾਵ ਹੋਣਗੇ ਜਿਨ੍ਹਾਂ ਨੂੰ ਘਟਾਉਣ ਦੇ ਉਪਾਵਾਂ ਦੇ ਨਾਲ-ਨਾਲ ਢੁੱਕਵੇਂ ਪ੍ਰੋਜੈਕਟ ਦੇ ਵਰਗੀਕਰਣ ਦੀ ਲੋੜ ਹੈ। ਬਿਨ੍ਹਾਂ ਠੋਸ ਪ੍ਰਭਾਵ ਵਾਲੇ ਉਪ-ਪ੍ਰੋਜੈਕਟਾਂ ਨੂੰ ਵਾਤਾਵਰਣ ਅਤੇ ਸਮਾਜਿਕ ਨਜ਼ਰੀਏ ਤੋਂ ਮਾਨਤਾ ਦਿੱਤੀ ਜਾਵੇਗੀ, ਜਦੋਂ ਕਿ ਜੋ ਜੋਖਮ ਅਤੇ ਸੰਭਾਵਿਤ ਪ੍ਰਭਾਵਾਂ ਵਾਲੇ ਹੋਣਗੇ ਉਨ੍ਹਾਂ ਦੇ ਵਾਤਾਵਰਣ ਸੰਬੰਧੀ ਅਤੇ ਸਮਾਜਿਕ ਮੁਲਾਂਕਣ ਵਧੇਰੇ ਡੂੰਘਾਈ ਨਾਲ ਹੋਣਗੇ ਅਤੇ ਬੈਂਕ ਦੁਆਰਾ ਉਨ੍ਹਾਂ ਦੀ ਸਮੀਖਿਆ ਕੀਤੀ ਜਾਏਗੀ ਅਤੇ ਉਸਤੋਂ ਬਾਅਦ ਹੀ ਉਨ੍ਹਾਂ ਨੂੰ ਮਾਨਤਾ ਦਿੱਤੀ ਜਾਵੇਗੀ ਅਤੇ ਅਮਲ ਵਿੱਚ ਲਿਆਉਣ ਤੋਂ ਪਹਿਲਾਂ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਇਸਨੂੰ ਪ੍ਰਵਾਨਗੀ ਦੇ ਦਿੱਤੀ ਜਾਵੇਗੀ।

**ਹਿੱਸੇਦਾਰ ਦੇ ਸਲਾਹ-ਮਸ਼ਵਰੇ**

ਇਸ ਈ.ਐੱਸ.ਐੱਮ.ਐੱਫ਼. ਨੂੰ ਤਿਆਰ ਕਰਨ ਲਈ ਸ਼ਹਿਰ ਪੱਧਰ 'ਤੇ ਹਿੱਸੇਦਾਰਾਂ ਦੇ ਸਲਾਹ-ਮਸ਼ਵਰੇ ਲਏ ਗਏ ਹਨ। ਸਲਾਹ-ਮਸ਼ਵਰੇ ਦੇ ਪੂਰੇ ਵੇਰਵੇ ਸੱਤਵੇਂ ਚੈਪਟਰ ਵਿੱਚ ਦਿੱਤੇ ਗਏ ਹਨ। ਪ੍ਰੋਜੈਕਟ ਲਈ ਇੱਕ ਇਕੱਲਾ ਸਟੇਕਹੋਲਡਰ ਇੰਗੇਜਮੈਂਟ ਪਲਾਨ ਤਿਆਰ ਕੀਤਾ

ਜਾਵੇਗਾ ਜਿਸ ਵਿੱਚ ਇੱਕ ਮਜਬੂਤ ਸ਼ਿਕਾਇਤ ਸੁਧਾਰਨ ਵਾਲਾ ਮੈਕਾਨਿਜ਼ਮ (ਜੀ.ਆਰ.ਐੱਮ.) ਸ਼ਾਮਲ ਹੈ। ਹਿੱਸੇਦਾਰਾਂ ਦੀਆਂ ਮੁੱਖ ਚਿੰਤਾਵਾਂ ਅਤੇ ਸੁਝਾਵਾਂ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

- ਪਾਣੀ ਦੀ ਸਪਲਾਈ ਵਿੱਚ ਰੁਕਾਵਟ ਹੈ। ਪਾਣੀ ਦੀ ਸਪਲਾਈ ਦਾ ਦਬਾਅ ਘੱਟ ਹੈ ਅਤੇ ਮੌਜੂਦਾ ਸਕੀਮਾਂ ਵਿੱਚ ਵਾਟਰ ਲਿਫ਼ਟਿੰਗ ਦੇ ਗੈਰ-ਭਰੋਸੇਯੋਗ ਪ੍ਰਬੰਧ ਹਨ।
- ਓ.ਐੱਚ.ਐੱਸ.ਆਰ. ਦੀ ਢੁੱਕਵੀਂ ਉੱਚਾਈ ਨੂੰ ਬਣਾਈ ਰੱਖਣ ਦੀ ਜ਼ਰੂਰਤ ਹੈ ਤਾਂ ਜੋ ਚੰਗੇ ਦਬਾਅ ’ਤੇ ਪਾਣੀ ਦਾ ਪ੍ਰੈਸ਼ਰ ਘਰਾਂ ਨੂੰ ਉਪਲਬਧ ਹੋਵੇ।
- ਨਿਵਾਸੀਆਂ ਦੀਆਂ ਲੋੜਾਂ ਅਨੁਸਾਰ ਪਾਣੀ ਦੀ ਸਪਲਾਈ ਦੀ ਉਪਲਬਧਤਾ ਅਤੇ ਸਮਾਂ ਦੇਣ ਦੀ ਜ਼ਰੂਰਤ ਹੈ।
- ਓ.ਐੱਚ.ਐੱਸ.ਆਰ. ਨਾਲ ਕੋਈ ਛੇੜਛਾੜ ਨਾ ਹੋਵੇ ਅਤੇ ਵਾਤਾਵਰਣ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਪਾਅ ਕਰਨ ਦੀ ਲੋੜ ਹੈ।
- ਓ.ਐੱਚ.ਐੱਸ.ਆਰ. ਦੇ ਦੁਆਲੇ ਹਰਿਆਲੀ ਦਾ ਰੱਖ-ਰਖਾਵ ਚੰਗਾ ਰਹੇਗਾ।
- ਓ.ਐੱਚ.ਐੱਸ.ਆਰ. ਲਈ ਚੁਣੇ ਗਏ ਕੁਝ ਪਾਰਕ, ਇਲਾਕੇ ਵਿੱਚ ਸਿਰਫ਼ ਓਹੀ ਪਾਰਕ ਹਨ ਜਿੱਥੇ ਬਹੁਤ ਸਾਰੇ ਲੋਕ ਸੈਰ ਅਤੇ ਮਨੋਰੰਜਨ ਕਰਨ ਲਈ ਜਾਂਦੇ ਹਨ।
- ਨਿਰਮਾਣ ਪੜਾਅ ਵੇਲੇ ਵਰਤੇ ਜਾਂਦੇ ਵਾਹਨਾਂ ਦਾ ਮਲਬਾ ਧੂੜ ਪ੍ਰਦੂਸ਼ਣ ਦਾ ਕਾਰਨ ਬਣੇਗਾ।
- ਨਿਵਾਸੀਆਂ ਨਾਲ ਸਲਾਹ-ਮਸ਼ਵਰੇ ਅਤੇ ਸਹੀ ਯੋਜਨਾਬੰਦੀ ਤੋਂ ਬਾਅਦ ਓ.ਐੱਚ.ਐੱਸ.ਆਰ. ਦੀ ਜਗ੍ਹਾ ਦਾ ਫੈਸਲਾ ਕਰਨਾ ਚਾਹੀਦਾ ਹੈ।
- ਨਿਰਮਾਣ ਦੀ ਪ੍ਰਕਿਰਿਆ ਦੌਰਾਨ ਇਲਾਕੇ ਦੇ ਨਿਵਾਸੀਆਂ ਦੇ ਰੋਜ਼ਾਨਾ ਕੰਮਕਾਜ ਵਿੱਚ ਕੋਈ ਰੁਕਾਵਟ ਨਹੀਂ ਆਉਣੀ ਚਾਹੀਦੀ।
- ਕੁਝ ਓ.ਐੱਚ.ਐੱਸ.ਆਰ. ਉਹਨਾਂ ਇਲਾਕਿਆਂ ਵਿੱਚ ਪ੍ਰਸਤਾਵਿਤ ਹੋਏ ਹਨ ਜੋ ਸੰਘਣੀ ਆਬਾਦੀ ਵਾਲੇ ਹਨ।
- ਨਿਰਮਾਣ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਕੁਝ ਥਾਵਾਂ ’ਤੇ ਜ਼ਮੀਨ ਦੀ ਮਾਲਕੀਅਤ ਨੂੰ ਯਕੀਨੀ ਬਣਾਉਣ ਦੀ ਲੋੜ ਹੈ – ਭਾਵੇਂ ਸ਼ਹਿਰ ਸੁਧਾਰ ਟਰੱਸਟ ਇਸਦਾ ਮਾਲਕ ਹੈ ਜਾਂ ਕਾਰਪੋਰੇਸ਼ਨ।
- ਨਿਰਮਾਣ ਦੇ ਪੜਾਅ ਦੌਰਾਨ, ਉਪਾਅ ਅਜਿਹੇ ਹੋਣੇ ਚਾਹੀਦੇ ਹਨ ਤਾਂ ਜੋ ਹੋਰ ਸਿਵਲ ਕੰਮਾਂ ਵੇਲੇ ਪਾਈਪ ਲਾਈਨਾਂ ਨਾਲ ਛੇੜਛਾੜ ਜਾਂ ਖੁਦਾਈ ਵੇਲੇ ਇਹਨਾਂ ਪਾਈਪ ਲਾਈਨਾਂ ਨੂੰ ਨੁਕਸਾਨ ਨਾ ਹੋਵੇ।

- ਉਪਾਅ ਇਸ ਤਰ੍ਹਾਂ ਹੋਣੇ ਚਾਹੀਦੇ ਹਨ ਤਾਂ ਜੋ ਨਿਰਮਾਣ ਦੇ ਪੜਾਅ ਦੌਰਾਨ ਹੋਣ ਵਾਲੀਆਂ ਸਾਰੀਆਂ ਅਸੁਵਿਧਾਵਾਂ ਦਾ ਤੁਰੰਤ ਹੱਲ ਕੀਤਾ ਜਾ ਸਕੇ।
- ਪ੍ਰੋਜੈਕਟ ਦੁਆਰਾ ਸਥਾਨਕ ਹਿੱਸੇਦਾਰਾਂ ਨੂੰ ਵਿਕਾਸ ਅਤੇ ਰੁਜ਼ਗਾਰ ਦੇ ਮੌਕੇ ਅਹਿਮ ਹਨ।

**ਸ਼ਿਕਾਇਤ ਮੈਕਾਨਿਜ਼ਮ**

ਜੀ.ਆਰ.ਐੱਮ. ਦਾ ਢਾਂਚਾ ਸਰਵਜਨਕ ਅਤੇ ਨਿੱਜੀ ਖੇਤਰਾਂ ਤੋਂ ਲੈ ਕੇ ਆਮ ਲੋਕਾਂ ਤੱਕ ਹਰ ਕਿਸੇ ਦੀ ਸ਼ਿਕਾਇਤ ਸੁਣਨ ਲਈ ਬਣਾਇਆ ਜਾਵੇਗਾ। ਇਸ ਤੋਂ ਇਲਾਵਾ, ਸ਼ਿਕਾਇਤਾਂ ਲਈ ਸਪੱਸ਼ਟ ਪ੍ਰਕਿਰਿਆਵਾਂ ਸਥਾਪਿਤ ਕੀਤੀਆਂ ਜਾਣਗੀਆਂ ਅਤੇ ਜਨਤਕ ਨੋਟਿਸਾਂ ਦੁਆਰਾ, ਅਤੇ ਰਸਮੀ ਅਤੇ ਗੈਰ-ਰਸਮੀ ਪ੍ਰਕਿਰਿਆ ਦੇ ਹੋਰ ਸਾਰੇ ਤਰੀਕਿਆਂ ਦੁਆਰਾ ਲੋਕਾਂ ਤੱਕ ਅਸਾਨੀ ਨਾਲ ਪਹੁੰਚਯੋਗ ਬਣਾਇਆ ਜਾਵੇਗਾ। ਜੀ.ਆਰ.ਐੱਮ. ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਪੀ.ਆਈ.ਯੂ. ਨਾਲ ਹੋਵੇਗੀ।

**ਡਿਸਕਲੋਜ਼ਰ**

ਈ.ਐੱਸ.ਐੱਮ.ਐੱਫ਼. ਨੂੰ ਢੁੱਕਵੇਂ ਰਾਸ਼ਟਰੀ ਅਤੇ ਰਾਜ ਦੇ ਨਿਯਮਾਂ ਅਤੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਤਿਆਰ ਕੀਤਾ ਗਿਆ ਹੈ। ਇਸ ਈ.ਐੱਸ.ਐੱਮ.ਐੱਫ਼. ਦੀਆਂ ਕਾਪੀਆਂ, ਜਿਵੇਂ ਕਿ ਹੋਰ ਈ ਅਤੇ ਐੱਸ ਯੰਤਰਾਂ (ਜਿਵੇਂ ਈ.ਐੱਸ.ਆਈ.ਏ./ ਈ.ਐੱਸ.ਐੱਮ.ਪੀ./ ਮਹੀਨਾਵਾਰ, ਤਿਮਾਹੀ, ਸਾਲਾਨਾ ਰਿਪੋਰਟਾਂ, ਆਦਿ) ਜੋ ਕਿ ਇਸ ਪ੍ਰੋਜੈਕਟ ਲਈ ਤਿਆਰ ਕੀਤੀਆਂ ਜਾਣਗੀਆਂ ਅਤੇ ਇਸ ਦੇ ਸਾਰੇ ਉਪ-ਪ੍ਰੋਜੈਕਟਾਂ ਦਾ ਡਿਸਕਲੋਜ਼ਰ ਦਿੱਤਾ ਜਾਵੇਗਾ ਅਤੇ ਇਸਨੂੰ ਪੀ.ਐੱਮ.ਯੂ. ਦੁਆਰਾ ਲੋਕਾਂ ਨੂੰ ਉਪਲਬਧ ਕਰਾਇਆ ਜਾਵੇਗਾ। ਪੀ.ਐੱਮ.ਯੂ., ਈ.ਐੱਸ.ਐੱਮ.ਐੱਫ਼. ਦਾ ਡਿਸਕਲੋਜ਼ਰ ਭਾਰਤੀ ਨਿਯਮਾਂ ਦੇ ਨਾਲ-ਨਾਲ ਵਿਸ਼ਵ ਬੈਂਕ ਦੀ ਡਿਸਕਲੋਜ਼ਰ ਨੀਤੀ ਦੇ ਅਨੁਸਾਰ ਕਰੇਗਾ। ਪੀ.ਐੱਮ.ਯੂ., ਐੱਮ.ਓ.ਈ.ਐੱਫ਼.ਸੀ.ਸੀ. ਦੇ ਨਾਲ-ਨਾਲ ਪ੍ਰੋਜੈਕਟ ਵਾਲੇ ਸ਼ਹਿਰਾਂ ਵਿੱਚ ਵੀ ਦਸਤਾਵੇਜ਼ ਦੇ ਡਿਸਕਲੋਜ਼ਰ ਦੀ ਸਹੂਲਤ ਦੇਵੇਗਾ। ਵਿਸ਼ਵ ਬੈਂਕ ਦੀ ਬਾਹਰੀ ਵੈੱਬਸਾਈਟ ਵਿੱਚ ਵੀ ਈ.ਐੱਸ.ਐੱਮ.ਐੱਫ਼. ਡਿਸਕਲੋਜ਼ਰ ਕੀਤਾ ਜਾਵੇਗਾ।

ਜਦੋਂ ਇੱਕ ਵਾਰ ਸਾਈਟ-ਸੰਬੰਧੀ ਉੱਪ-ਪ੍ਰੋਜੈਕਟ ਦੀਆਂ ਗਤੀਵਿਧੀਆਂ ਨਿਰਧਾਰਤ ਅਤੇ ਉਨ੍ਹਾਂ ਦੀ ਸਕ੍ਰੀਨਿੰਗ ਹੋ ਜਾਂਦੀ ਹੈ ਅਤੇ ਹੋਰ ਈ ਅਤੇ ਐੱਸ ਯੰਤਰ ਜਿਵੇਂ ਕਿ ਈ.ਐੱਸ.ਆਈ.ਏ./ ਈ.ਐੱਸ.ਐੱਮ.ਪੀ. ਜੋ ਪ੍ਰੋਜੈਕਟ ਅਧੀਨ ਸਬ-ਪ੍ਰੋਜੈਕਟਾਂ ਲਈ ਤਿਆਰ ਹੋਣਗੇ, ਤਾਂ

ਉਨ੍ਹਾ ਦਾ ਡਿਸਕਲੋਜ਼ਰ ਵੀ ਪੀ.ਐੱਮ.ਆਈ.ਡੀ.ਸੀ./ ਐੱਮ.ਸੀ. ਦੁਆਰਾ ਉਸੇ ਤਰ੍ਹਾਂ ਕੀਤਾ ਜਾਵੇਗਾ ਜਿਵੇਂ ਕਿ ਈ.ਐੱਸ.ਐੱਮ.ਐੱਫ਼. ਦਾ ਕੀਤਾ ਗਿਆ ਸੀ।

**ਸੰਸਥਾਗਤ ਪ੍ਰਬੰਧ**

ਈ.ਐੱਸ. ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਪੀ.ਐੱਮ.ਆਈ.ਡੀ.ਸੀ. ਦੇ ਮੁੱਖ ਇੰਜੀਨੀਅਰ ਦੀ ਹੋਵੇਗੀ, ਜੋ ਵਾਤਾਵਰਣ ਸੰਬੰਧੀ ਅਤੇ ਸਮਾਜਿਕ ਪ੍ਰਬੰਧਨ ਇਕਾਈ (ਈ.ਐੱਸ.ਐੱਮ.ਯੂ.) ਦੀ ਪ੍ਰੋਜੈਕਟ ਡਾਇਰੈਕਟਰ ਦੇ ਤੌਰ 'ਤੇ ਅਗਵਾਈ ਕਰਨਗੇ। ਪੀ.ਐੱਮ.ਆਈ.ਡੀ.ਸੀ. ਕੋਲ ਇੱਕ ਸਮਾਜਿਕ, ਵਾਤਾਵਰਣ ਸੰਬੰਧੀ ਅਤੇ ਸੰਚਾਰ ਸੈੱਲ (ਐੱਸ.ਈ.ਸੀ.) ਹੋਵੇਗਾ ਜੋ ਈ.ਐੱਸ.ਐੱਮ.ਐੱਫ਼ ਨੂੰ ਲਾਗੂ ਕਰਨ ਲਈ ਤਾਲਮੇਲ ਕਰੇਗਾ। ਪੀ.ਐੱਮ.ਆਈ.ਡੀ.ਸੀ. ਠੇਕੇਦਾਰਾਂ ਦੀਆਂ ਗਤੀਵਿਧੀਆਂ ਦੀ ਨਿਗਰਾਨੀ ਕਰਨ ਲਈ ਅਤੇ ਈ.ਐੱਸ.ਐੱਮ.ਐੱਫ਼. ਨੂੰ ਲਾਗੂ ਕਰਨ ਲਈ ਇੱਕ ਪੀ.ਐੱਮ.ਸੀ. ਦੀ ਨਿਯੁਕਤੀ ਕਰੇਗਾ। ਠੇਕੇਦਾਰ ਪੀ.ਐੱਮ.ਸੀ. (ਪ੍ਰੋਜੈਕਟ ਮੈਨੇਜਮੈਂਟ ਕੰਸਲਟੈਂਟ) ਨੂੰ ਰਿਪੋਰਟ ਕਰੇਗਾ, ਜੋ ਪੀ.ਆਈ.ਯੂ. (ਐੱਮ.ਸੀ. ਪੱਧਰ) ਨੂੰ ਰਿਪੋਰਟ ਕਰੇਗਾ। ਐੱਮ.ਸੀ., ਈ.ਐੱਸ.ਐੱਮ.ਯੂ. ਨੂੰ ਰਿਪੋਰਟ ਕਰੇਗਾ, ਜੋ ਅੱਗੇ ਪੀ.ਐੱਮ.ਯੂ./ ਪੀ.ਐੱਮ.ਆਈ.ਡੀ.ਸੀ. ਨੂੰ ਰਿਪੋਰਟ ਕਰੇਗਾ। ਪੀ.ਐੱਮ.ਸੀ. ਕੋਲ ਯੋਗ ਮਾਹਰ ਹੋਣੇ ਚਾਹੀਦੇ ਹਨ ਜੋ ਈ.ਐੱਸ.ਐੱਮ.ਐੱਫ਼. ਨੂੰ ਲਾਗੂ ਕਰਨ ਵਾਲੇ ਡਿਜ਼ਾਈਨ ਅਤੇ ਸੁਪਰਵੀਜ਼ਨ ਸਲਾਹਕਾਰਾਂ ਅਤੇ ਠੇਕੇਦਾਰਾਂ ਦੀਆਂ ਰਿਪੋਰਟਾਂ ਦੀ ਸਮੀਖਿਆ ਕਰਨਗੇ। ਪੀ.ਐੱਮ.ਸੀ. ਨੂੰ ਰਿਪੋਰਟ ਕਰਨ ਲਈ, ਡਿਜ਼ਾਇਨ ਅਤੇ ਸੁਪਰਵੀਜ਼ਨ ਸਲਾਹਕਾਰ ਜ਼ੋਨ ਵਿੱਚ ਕੰਮ ਕਰੇਗਾ ਤਾਂ ਜੋ ਠੇਕੇਦਾਰ ਦੁਆਰਾ ਈ.ਐੱਸ.ਐੱਮ.ਐੱਫ਼. ਦੇ ਲਾਗੂ ਕਰਨ ਦੀ ਨਿਗਰਾਨੀ ਕੀਤੀ ਜਾ ਸਕੇ। ਪ੍ਰੋਜੈਕਟ ਡਾਇਰੈਕਟਰ ਅਤੇ ਡਿਪਟੀ ਡਾਇਰੈਕਟਰ ਨੂੰ ਵਾਤਾਵਰਣ ਸੰਬੰਧੀ ਮਾਹਰ, ਸਮਾਜਿਕ ਵਿਕਾਸ ਮਾਹਰ, ਈ.ਐੱਚ.ਐੱਸ. ਅਫ਼ਸਰ ਅਤੇ ਸਲਾਹਕਾਰਾਂ, ਆਦਿ ਦੁਆਰਾ ਸਹਿਯੋਗ ਦਿੱਤਾ ਜਾਵੇਗਾ। ਐੱਸ.ਈ.ਸੀ. ਅਤੇ ਪੀ.ਐੱਮ.ਯੂ. ਜੀ.ਐੱਮ. (ਪੀ ਐਂਡ ਡੀ) ਨੂੰ ਵਾਤਾਵਰਣ ਅਤੇ ਸਮਾਜਿਕ ਮਾਨਤਾ ਅਨੁਸਾਰ ਤਿਮਾਹੀ ਪ੍ਰੋਗਰੈਸ ਰਿਪੋਰਟਾਂ ਦੇਵੇਗਾ। ਸਮੀਖਿਆ ਕਰਨ ਤੋਂ ਬਾਅਦ ਇਨ੍ਹਾਂ ਨੂੰ ਵਿਸ਼ਵ ਬੈਂਕ ਨੂੰ ਭੇਜਿਆ ਜਾਵੇਗਾ।